## ਅਧਿਆਇ 25

# ਬਿਲਦਦ ਦੀ ਤੀਜੀ ਗੱਲ

ਅਧਿਆਇ 25 ਵਿਚ, ਬਿਲਦਦ ਨੇ ਮਨੁੱਖਜਾਤੀ ਦੇ ਨੀਵੇਂ, ਅਪਵਿੱਤਰ ਸੁਭਾਅ ਦੀ ਤੁਲਨਾ ਪਰਮੇਸ਼ੁਰ ਦੇ ਉੱਚੇ, ਪਵਿੱਤਰ ਸੁਭਾਅ ਨਾਲ ਕੀਤੀ।

## "ਕੀ ਮਨੁੱਖ ਪਰਮੇਸ਼ੁਰ ਨਾਲ ਠੀਕ ਹੋ ਸਕਦਾ ਹੈ?" (25:1-6)

**1ਤਦ ਬਿਲਦਦ ਸੂਹੀ ਨੇ ਉੱਤਰ ਦੇ ਕੇ ਆਖਿਆ, 2ਰਾਜ ਤੇ ਭੈ ਉਸ ਦੇ ਅੰਗ ਸੰਗ ਹਨ,**
**ਉਹ ਆਪਣੇ ਉੱਚਿਆਂ ਅਸਥਾਨਾਂ ਵਿੱਚ ਸੁਖ ਸਾਂਦ ਰੱਖਦਾ ਹੈ। 3ਭਲਾ, ਉਹ ਦੀਆਂ ਫੌਜਾਂ ਦੀ**
**ਗਿਣਤੀ ਵੀ ਹੈਗੀ, ਅਤੇ ਕਿਹ ਦੇ ਉੱਤੇ ਉਹ ਦਾ ਚਾਨਣ ਨਹੀਂ ਪੈਂਦਾ? 4ਮਨੁੱਖ ਫੇਰ ਪਰਮੇਸ਼ੁਰ**
**ਅੱਗੇ ਕਿਵੇਂ ਧਰਮੀ ਠਹਿਰੂ, ਅਤੇ ਤੀਵੀਂ ਦਾ ਜਣਿਆ ਹੋਇਆ ਕਿਵੇਂ ਨਿਰਮਲ ਹੋਊ? 5ਵੇਖ,**
**ਚੰਦ ਵਿੱਚ ਵੀ ਚਮਕ ਨਹੀਂ, ਅਤੇ ਉਹ ਦੀ ਨਿਗਾਹ ਵਿੱਚ ਤਾਰੇ ਵੀ ਨਿਰਮਲ ਨਹੀਂ। 6ਵੇਖ**
**ਮਨੁੱਖ ਕਿੱਥੇ, ਜਿਹੜਾ ਕੀੜਾ ਹੀ ਹੈਗਾ, ਅਤੇ ਆਦਮੀ ਦਾ ਪੁੱਤ੍ਰ ਜਿਹੜਾ ਕਿਰਮ ਹੀ ਹੈਗਾ?**

**ਆਇਤਾਂ 1-3. ਬਿਲਦਦ** ਨੇ ਆਪਣੀ ਸੰਖੇਪ ਗੱਲਬਾਤ ਦੀ ਸ਼ੁਰੂਆਤ ਪਰਮੇਸ਼ੁਰ ਨੂੰ ਉੱਚਾ ਕਰਕੇ ਕੀਤੀ। **ਰਾਜ** (מְשֻׁל, *ਮਸ਼ਲ)* "ਰਾਜ ਕਰਨ ਦੀ ਸਮਰੱਥਾ" ਹੈ।[1] ਇਸ ਮਾਮਲੇ ਵਿਚ **ਭੈ** (פַּחַד, *ਪਚਡ)* "ਦਹਿਸ਼ਤ" ਜਾਂ "ਡਰ" ਹੈ,[2] ਨਾ ਕਿ ਆਦਰ। **ਸੁਖ ਸਾਂਦ** (שָׁלוֹם, *ਸ਼ਾਲੋਮ)* "ਪੂਰਨਤਾ" ਜਾਂ "ਸੰਪੂਰਨਤਾ" ਹੈ।

ਪਰਮੇਸ਼ੁਰ ਦੇ ਰਾਜ ਦੀ ਵਰਤੋਂ ਵਿਚ ਕਿਸੇ ਵੀ ਚੀਜ਼ ਦੀ ਘਾਟ ਨਹੀਂ ਹੈ। ਉਸ ਕੋਲ ਆਪਣੀ ਅਵਾਜ਼ ਨੂੰ ਪੂਰਾ ਕਰਨ ਲਈ ਸਾਰੀਆਂ ਸੁਰਗੀ ਫੌਜਾਂ ਹਨ। ਸਾਰੇ ਲੋਕ **ਉਹ ਦੇ ਚਾਨਣ** ਤੋਂ ਲਾਭ ਉਠਾਉਂਦੇ ਹਨ।

**ਆਇਤਾਂ 4-6.** ਬਿਲਦਦ ਨੇ ਮਨੁੱਖਜਾਤੀ ਬਾਰੇ ਬਹੁਤ ਹੀ ਨੀਵਾਂ ਵਿਚਾਰ ਪੇਸ਼ ਕੀਤਾ। ਨਿਸ਼ਚਤ ਤੌਰ ਤੇ, ਪਰਮੇਸ਼ੁਰ ਦੀ ਕਿਰਪਾ ਤੋਂ ਬਿਨਾ ਕੋਈ ਵੀ ਪਰਮੇਸ਼ੁਰ ਅੱਗੇ **ਧਰਮੀ ਨਹੀਂ ਠਹਿਰ ਸਕਦਾ** ਜਾਂ **ਨਿਰਮਲ ਨਹੀਂ ਹੋ ਸਕਦਾ।** ਪਰ, ਸਾਰੇ ਲੋਕਾਂ ਨੂੰ **ਕੀੜਾ** [ਕੀੜੇ] ਅਤੇ **ਕਿਰਮ** [ਕਿਰਮਾਂ] ਸਮਝਣਾ ਉਹ ਮਾਣ ਨਹੀਂ ਦਿੰਦਾ ਜੋ ਸਾਡੇ ਪਰਮੇਸ਼ੁਰ ਦੇ ਸਰੂਪ ਤੇ ਰਚੇ ਜਾਣ ਤੋਂ ਆਉਂਦਾ ਹੈ (ਉਤਪਤ 1:27)। ਸੈਮੂਏਲ ਕੌਕਸ ਨੇ ਕਿਹਾ,

> ਸਲੀਲ ਅਤੇ ਅੰਤਹਕਰਨ ਦਾ ਧਾਰਨੀ ਹੋਣਾ ਅਤੇ ਧਾਰਮਿਕਤਾ ਅਤੇ ਪਿਆਰ ਦੇ ਕਾਬਲ ਹੋਣਾ, ਬਹੁਤ ਸਾਰੇ ਕੀੜਿਆਂ ਨਾਲੋਂ ਨਹੀਂ, ਬਲਕਿ ਬਹੁਤ ਸਾਰੇ ਸੰਸਾਰਾਂ ਨਾਲੋਂ ਵਧੇਰੇ ਅਤੇ ਵਧੀਆ ਹੈ। ਅਤੇ ਇਸ ਲਈ ਅਸੀਂ ਪਰਮੇਸ਼ੁਰ ਦੇ ਵਿਰੁੱਧ ਬਹੁਤ ਗੰਭੀਰ ਅਤੇ ਘ੍ਰਿਣਾਤਮਕ ਪਾਪ ਲਈ ਦੋਸ਼ੀ ਹਾਂ ਜੇ ਅਸੀਂ ਆਦਤਨ ਬਿਲਦਦ ਦੇ ਸ਼ਬਦਾਂ ਦੀ ਵਰਤੋਂ ਕਰਦੇ ਹਾਂ ਅਤੇ ਸਰਬ ਸ਼ਕਤੀਮਾਨ ਦੀ ਨਜ਼ਰ ਵਿਚ ਅਸਲ ਸੁਭਾਅ ਅਤੇ ਸਥਾਨ ਨੂੰ ਨਿਰਧਾਰਤ ਕਰਨ ਲਈ ਵਰਤਦੇ ਹਾਂ।[3]

# ਪ੍ਰਾਸੰਗਿਕਤਾ

**"ਮਨੁੱਖ ਫੇਰ ਪਰਮੇਸ਼ੁਰ ਅੱਗੇ ਕਿਵੇਂ ਧਰਮੀ ਠਹਿਰੂ?" (25 ਅਧਿਆਇ)**

ਅਧਿਆਇ 25 ਵਿਚ, ਬਿਲਦਦ ਨੇ ਪਰਮੇਸ਼ੁਰ ਦੇ ਸੁਭਾਅ ਨੂੰ ਦਰਸਾਇਆ। ਉਸ ਨੇ ਪਰਮੇਸ਼ੁਰ ਦੀ ਅਦੁਤੀ ਸ਼ਕਤੀ ਤੇ ਜ਼ੋਰ ਦਿੱਤਾ ਜਦੋਂ ਉਹ ਸੁਰਗੀ ਫੌਜਾਂ ਤੇ ਰਾਜ ਕਰਦਾ ਹੈ (25:2, 3)। ਫਿਰ ਬਿਲਦਦ ਨੇ ਇਕ ਮਹੱਤਵਪੂਰਣ ਪ੍ਰਸ਼ਨ ਪੁੱਛਿਆ: "ਮਨੁੱਖ ਫੇਰ ਪਰਮੇਸ਼ੁਰ ਅੱਗੇ ਕਿਵੇਂ ਧਰਮੀ ਠਹਿਰ ਸਕਦਾ ਹੈ?" (25:4; NIV)। ਜੇਕਰ ਪਰਮੇਸ਼ੁਰ ਇੰਨਾ ਸ਼ਕਤੀਸ਼ਾਲੀ ਅਤੇ ਪਵਿੱਤਰ ਹੈ, ਤਾਂ ਕਮਜ਼ੋਰ ਅਤੇ ਪਾਪੀ ਉਸ ਨਾਲ ਕਿਵੇਂ ਸੰਬੰਧ ਰੱਖ ਸਕਦੇ ਹਨ? ਅਸੀਂ ਉਸ ਦੀ ਹਜ਼ੂਰੀ ਵਿਚ ਵੀ ਕਿਵੇਂ ਦਾਖਲ ਹੋ ਸਕਦੇ ਹਾਂ? ਬਿਲਦਦ ਨੇ ਮਨੁੱਖ ਨੂੰ "ਕੀੜਾ" ਅਤੇ "ਕਿਰਮ" ਕਹਿ ਕੇ ਆਪਣੀ ਗੱਲ ਨੂੰ ਖਤਮ ਕੀਤਾ (25:6)। ਇਹ ਛੋਟਾ ਜਿਹਾ ਅਧਿਆਇ ਬਾਈਬਲ ਦੀਆਂ ਹੋਰ ਲਿਖਤਾਂ ਲਈ ਛਲਾਂਗ ਮਾਰਨ ਵਾਲੇ ਇਕ ਤਖ਼ਤੇ ਦਾ ਕੰਮ ਕਰਦਾ ਹੈ ਜਿਹੜਾ ਸਾਡੇ ਲਈ ਤਿੰਨ ਨਾਜ਼ੁਕ ਮੁੱਦਿਆਂ ਨੂੰ ਸਪੱਸ਼ਟ ਕਰਦਾ ਹੈ।

*ਮਨੁੱਖ ਪਰਮੇਸ਼ੁਰ ਦੀ ਰਚਨਾ ਦਾ ਮੁਕਟ ਹੈ।* ਹੇਠਲੇ ਜੀਵਨ ਦੇ ਰੂਪਾਂ ਤੋਂ ਵਿਕਸਤ ਹੋਣ ਦੀ ਬਜਾਇ ਜਿਵੇਂ ਕਿ ਆਧੁਨਿਕ ਵਿਕਾਸਵਾਦੀ ਦਾਅਵਾ ਕਰਦੇ ਹਨ, ਅਸੀਂ ਸਰਬ-ਗਿਆਨੀ ਅਤੇ ਸਰਬ-ਸ਼ਕਤੀਮਾਨ ਪਰਮੇਸ਼ੁਰ ਦੁਆਰਾ ਬਣਾਏ ਗਏ ਹਾਂ ਜੋ ਸਾਨੂੰ ਪਿਆਰ ਕਰਦਾ ਹੈ। ਉਤਪਤ ਦਾ ਬਿਰਤਾਂਤ ਸ੍ਰਿਸ਼ਟੀ ਦੇ ਇਸ ਹਿੱਸੇ ਨੂੰ ਛੇਵੇਂ ਦਿਨ ਰੱਖਦਾ ਹੈ:

> ਤਾਂ ਪਰਮੇਸ਼ੁਰ ਨੇ ਆਖਿਆ ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ ਅਤੇ ਓਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ ਅਤੇ ਡੰਗਰਾਂ ਉੱਤੇ ਸਗੋਂ ਸਾਰੀ ਧਰਤੀ ਉੱਤੇ ਅਤੇ ਧਰਤੀ ਪੁਰ ਸਾਰੇ ਘਿੱਸਰਨ ਵਾਲਿਆਂ ਉੱਤੇ ਰਾਜ ਕਰਨ (ਉਤਪਤ 1:26)।

ਕੁਝ ਤਰੀਕਿਆਂ ਨਾਲ, ਅਸੀਂ ਪਰਮੇਸ਼ੁਰ ਵਰਗੇ ਬਣਾਏ ਗਏ ਸੀ। ਅਸੀਂ ਸਿਰਫ ਸਰੀਰਕ ਹੀ ਨਹੀਂ, ਪਰ *ਆਤਮਿਕ* ਵੀ ਹਾਂ; ਸਾਨੂੰ ਇਕ ਸਰੀਰ ਦੇ ਨਾਲ ਇਕ *ਆਤਮਾ* ਦਿੱਤੀ ਗਈ ਸੀ। ਪਰਮੇਸ਼ੁਰ ਖੁਦ ਇਕ ਆਤਮਿਕ ਜੀਵ ਹੈ (ਯੂਹੰਨਾ 4:24)। ਉਸ ਨੇ ਸਾਨੂੰ ਸਿੱਖਣ ਅਤੇ ਵੱਧਣ, ਸੋਚਣ ਅਤੇ ਮਹਿਸੂਸ ਕਰਨ ਅਤੇ ਭਾਵਨਾਵਾਂ ਦੇ ਇਕ ਸਮੁੱਚੇ ਵਿਸਤਾਰ ਦਾ ਅਨੁਭਵ ਕਰਨ ਦੀ ਸਮਰੱਥਾ ਵੀ ਦਿੱਤੀ ਹੈ। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਮਨੁੱਖ ਨੂੰ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ ਅਤੇ ਡੰਗਰਾਂ ਅਤੇ ਧਰਤੀ ਪੁਰ ਸਾਰੇ ਘਿੱਸਰਨ ਵਾਲਿਆਂ ਉੱਤੇ ਰਾਜ ਕਰਨ ਦਾ ਇਖ਼ਤਿਆਰ ਦਿੱਤਾ। ਆਦਮੀ ਅਤੇ ਔਰਤ ਨੂੰ ਬਣਾਉਣ ਤੋਂ *ਬਾਅਦ* ਹੀ ਉਸ ਨੇ ਆਪਣੀ ਸ੍ਰਿਸ਼ਟੀ ਨੂੰ "ਬਹੁਤ ਹੀ ਚੰਗਾ" ਕਿਹਾ ਸੀ (ਉਤਪਤ 1:31)।

ਜ਼ਬੂਰ ਲਿਖਣ ਵਾਲਾ ਦਾਊਦ ਪਰਮੇਸ਼ੁਰ ਦੀ ਸ੍ਰਿਸ਼ਟੀ ਨੂੰ ਦੇਖ ਕੇ ਹੈਰਾਨ ਸੀ। ਉਸ ਨੇ ਕਿਹਾ,

> ਜਦ ਮੈਂ ਤੇਰੇ ਅਕਾਸ਼ ਨੂੰ ਵੇਖਦਾ ਹਾਂ, ਜਿਹੜਾ ਤੇਰੀ ਦਸਤਕਾਰੀ ਹੈ, ਨਾਲੇ ਚੰਦ ਅਰ ਤਾਰਿਆਂ ਨੂੰ ਜਿਹੜੇ ਤੈਂ ਕਾਇਮ ਕੀਤੇ ਹਨ, ਤਾਂ ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿੱਚ ਲਿਆਵੇਂ, ਅਤੇ ਆਦਮੀ ਜਾਇਆ ਕੀ, ਜੋ ਤੂੰ ਉਸ ਦੀ ਸੁੱਧ ਲਵੇਂ? ਕਿ ਤੈਂ ਉਸ [ਜਾਂ, ਦੂਤਾਂ; KJV] ਨੂੰ ਪਰਮੇਸ਼ੁਰ ਨਾਲੋਂ ਥੋੜਾ ਜਿਹਾ ਘੱਟ ਕੀਤਾ ਹੈ, ਅਤੇ ਮਹਿਮਾ ਅਰ ਆਦਰ ਦਾ ਮੁਕਟ ਉਸ ਦੇ ਸਿਰ ਉੱਤੇ ਰੱਖਿਆ ਹੈ! ਤੂੰ ਆਪਣੀ ਦਸਤਕਾਰੀ ਉੱਤੇ ਉਹ ਨੂੰ ਹਕੂਮਤ ਦਿੱਤੀ, ਤੈਂ ਸੱਭੋ ਕੁਝ

> ਉਹ ਦੇ ਪੈਰਾਂ ਹੇਠ ਕਰ ਦਿੱਤਾ ਹੈ, ਸਾਰੇ ਇੱਜੜ ਅਰ ਵੱਗ, ਸਗੋਂ ਰੜ ਦੇ ਸਾਰੇ ਜਾਨਵਰ, ਅਕਾਸ਼ ਦੇ ਪੰਖੇਰੂ ਅਰ ਸਮੁੰਦਰ ਦੀਆਂ ਮੱਛੀਆਂ, ਅਤੇ ਸੱਭੋ ਕੁਝ ਜੋ ਸਮੁੰਦਰ ਦਿਆਂ ਰਾਹਾਂ ਵਿੱਚ ਫਿਰਦਾ ਹੈ। ਹੇ ਯਹੋਵਾਹ, ਸਾਡੇ ਪ੍ਰਭੂ, ਸਾਰੀ ਧਰਤੀ ਉੱਤੇ ਤੇਰਾ ਨਾਮ ਕੇਡਾ ਹੀ ਸ਼ਾਨਦਾਰ ਹੈ! (ਜ਼ਬੂਰ 8:3-9)।

*ਪਾਪ ਨੇ ਸਾਡੀ ਕੀਮਤ ਨੂੰ ਘਟਾ ਦਿੱਤਾ ਹੈ*। ਸਾਡੇ ਵਿੱਚੋਂ ਕਿੰਨੇ ਕੁ ਜਣਿਆਂ ਨੇ ਆਪਣੇ ਦੂਜਿਆਂ ਨਾਲ ਬਦਸਲੂਕੀ ਕਰਕੇ ਕੀੜੇ ਵਾਂਗ ਮਹਿਸੂਸ ਕੀਤਾ ਹੈ? ਜ਼ਬੂਰ 22 ਵਿਚ, ਮਸੀਹਾ ਦੇ ਇਕ ਜ਼ਬੂਰ ਵਿਚ, ਧਰਮੀ ਦੁਖੀ ਵਿਅਕਤੀ ਨੇ ਐਲਾਨ ਕੀਤਾ, "ਪਰ ਮੈਂ ਕੀੜਾ ਹਾਂ, ਮੈਂ ਮਨੁੱਖ ਨਹੀਂ ਹਾਂ, ਆਦਮੀ ਦੀ ਨਮੋਸ਼ੀ ਅਤੇ ਲੋਕਾਂ ਵਿੱਚ ਤੁੱਛ ਹਾਂ" (ਜ਼ਬੂਰ 22:6)। ਸਾਡੇ ਵਿੱਚੋਂ ਕਿੰਨੇ ਕੁ ਜਣਿਆਂ ਨੇ ਆਪਣੇ ਪਾਪਾਂ ਦੀ ਵਿਸ਼ਾਲਤਾ ਕਾਰਨ ਕੀੜੇ ਵਾਂਗ ਮਹਿਸੂਸ ਕੀਤਾ ਹੈ? ਭਾਵੇਂ ਕਿ ਪਰਮੇਸ਼ੁਰ ਨੇ ਸਾਨੂੰ ਅਜਿਹੇ ਉੱਚੇ ਢੰਗ ਨਾਲ ਬਣਾਇਆ ਹੈ, ਅਸੀਂ ਅਕਸਰ ਆਪਣੇ ਪਾਪ ਦੁਆਰਾ ਆਪਣੇ ਆਪ ਦੀ ਕੀਮਤ ਘਟਾਈ ਹੈ।

ਰੋਮੀਆਂ 3:10-18 ਵਿਚ, ਪੌਲੁਸ ਨੇ ਪਾਪ ਦੇ ਡੂੰਘੇ ਹਨੇਰੇ ਨੂੰ ਦਰਸਾਉਣ ਲਈ ਪੁਰਾਣੇ ਨੇਮ ਦੇ ਕਈ ਹਵਾਲਿਆਂ ਨੂੰ ਇਕੱਠਾ ਕੀਤਾ:

> ਕੋਈ ਧਰਮੀ ਨਹੀਂ, ਇੱਕ ਵੀ ਨਹੀਂ, ਕੋਈ ਸਮਝਣ ਵਾਲਾ ਨਹੀਂ, ਕੋਈ ਪਰਮੇਸ਼ੁਰ ਦਾ ਤਾਲਿਬ ਨਹੀਂ। ਓਹ ਸਭ ਕੁਰਾਹੇ ਪੈ ਗਏ, ਓਹ ਸਾਰੇ ਦੇ ਸਾਰੇ ਨਿਕੰਮੇ ਹੋਏ ਹੋਏ ਹਨ, ਕੋਈ ਭਲਾ ਕਰਨ ਵਾਲਾ ਨਹੀਂ, ਇੱਕ ਵੀ ਨਹੀਂ। ਓਹਨਾਂ ਦਾ ਸੰਘ ਖੁਲ੍ਹੀ ਹੋਈ ਕਬਰ ਹੈ, ਓਹਨਾਂ ਨੇ ਆਪਣੀਆਂ ਜੀਭਾਂ ਨਾਲ ਵਲ ਛਲ ਕੀਤਾ ਹੈ, ਓਹਨਾਂ ਦੇ ਬੁੱਲ੍ਹਾਂ ਹੇਠ ਜ਼ਹਿਰੀ ਸੱਪਾਂ ਦੀ ਵਿਸ ਹੈ, ਓਹਨਾਂ ਦਾ ਮੁਖ ਸਰਾਪ ਅਤੇ ਕੁੜੱਤਣ ਨਾਲ ਭਰਿਆ ਹੋਇਆ ਹੈ, ਓਹਨਾਂ ਦੇ ਪੈਰ ਲਹੂ ਵਹਾਉਣ ਲਈ ਚਲਾਕ ਹਨ, ਓਹਨਾਂ ਦੇ ਰਾਹਾਂ ਵਿੱਚ ਨਾਸ ਅਤੇ ਬਿਪਤਾ ਹੈ, ਅਤੇ ਓਹਨਾਂ ਨੇ ਸ਼ਾਂਤੀ ਦਾ ਰਾਹ ਨਾ ਪਛਾਣਿਆ। ਓਹਨਾਂ ਦੀਆਂ ਅੱਖਾਂ ਦੇ ਅੱਗੇ ਪਰਮੇਸ਼ੁਰ ਦਾ ਭੈ ਹੈ ਨਹੀਂ।

ਇਸ ਸੂਰਤ ਵਿਚ, "ਮਨੁੱਖ ਫੇਰ ਪਰਮੇਸ਼ੁਰ ਅੱਗੇ ਕਿਵੇਂ ਧਰਮੀ ਠਹਿਰ ਸਕਦਾ ਹੈ?"

*ਮਸੀਹ ਦੀ ਕੁਰਬਾਨੀ ਦੇ ਰਾਹੀਂ ਅਸੀਂ ਧਰਮੀ ਬਣਾਏ ਜਾ ਸਕਦੇ ਹਾਂ*। ਸਾਡੀ ਮਾੜੀ ਸਥਿਤੀ ਬਾਰੇ ਦੱਸਣ ਤੋਂ ਬਾਅਦ, ਪੌਲੁਸ ਨੇ ਆਸ ਦਿੱਤੀ। ਉਸ ਨੇ ਦੱਸਿਆ ਕਿ ਕਿਵੇਂ ਪਰਮੇਸ਼ੁਰ ਆਪਣੇ ਪੁੱਤਰ ਦੀ ਸਲੀਬ ਉੱਤੇ ਦਿੱਤੀ ਗਈ ਕੁਰਬਾਨੀ ਰਾਹੀਂ ਲੋਕਾਂ ਨੂੰ ਧਰਮੀ ਬਣਾ ਸਕਦਾ ਹੈ। ਇਹ ਪੇਸ਼ਕਸ਼ ਸਿਰਫ ਪਰਮੇਸ਼ੁਰ ਦੀ ਸ਼ਾਨਦਾਰ ਕਿਰਪਾ ਦੁਆਰਾ ਸੰਭਵ ਬਣਾਈ ਗਈ ਹੈ ਅਤੇ ਇਸ ਨੂੰ ਮਨੁੱਖ ਦੀ ਆਗਿਆਕਾਰੀ ਨਿਹਚਾ ਦੁਆਰਾ ਅਪਨਾਇਆ ਜਾਣਾ ਚਾਹੀਦਾ ਹੈ (ਰੋਮੀਆਂ 3:21-26)। ਰੋਮੀਆਂ ਨੂੰ ਲਿਖੇ ਪੱਤਰ ਵਿਚ ਅੱਗੇ ਜਾ ਕੇ, ਪੌਲੁਸ ਨੇ ਬਿਵਸਥਾ ਦੀ ਪਾਲਣਾ ਕਰਨ ਵਿਚ ਆਪਣੀ ਅਸਮਰਥਾ ਬਾਰੇ ਦੱਸਿਆ (ਰੋਮੀਆਂ 7:4-23)। ਉਸ ਨੇ ਸਿੱਟਾ ਕੱਢਿਆ, "ਮੈਂ ਕਿੱਡਾ ਮੰਦਭਾਗੀ ਮਨੁੱਖ ਹਾਂ! ਕੌਣ ਮੈਨੂੰ ਇਸ ਮੌਤ ਦੇ ਸਰੀਰ ਤੋਂ ਛੁਡਾਵੇਗਾ? ਮਸੀਹ ਸਾਡੇ ਪ੍ਰਭੂ ਦੇ ਵਸੀਲੇ ਪਰਮੇਸ਼ੁਰ ਦਾ ਧੰਨਵਾਦ ਹੋਵੇ!" (ਰੋਮੀਆਂ 7:24, 25)। ਸਿਰਫ ਯਿਸੂ ਦੀ ਕੁਰਬਾਨੀ ਵਾਲੀ ਮੌਤ ਦੁਆਰਾ ਹੀ ਅਸੀਂ ਪਰਮੇਸ਼ੁਰ ਦੇ ਅੱਗੇ ਧਰਮੀ ਬਣ ਸਕਦੇ ਹਾਂ। ਉਸ ਦਾ ਲਹੂ ਸਾਡੇ ਪਾਪਾਂ ਦੀ ਮਾਫ਼ੀ ਲਈ ਵਹਾਇਆ ਗਿਆ ਸੀ। ਉਸ ਦੇ ਪਾਪ ਰਹਿਤ ਜੀਵਨ ਨੇ ਉਸ ਨੂੰ ਸਾਡੇ ਲਈ ਇਕ ਸੰਪੂਰਨ ਕੁਰਬਾਨੀ ਹੋਣ ਦੇ ਯੋਗ ਬਣਾਇਆ। ਪੌਲੁਸ ਨੇ ਲਿਖਿਆ, "ਉਹ [ਪਰਮੇਸ਼ੁਰ] ਨੇ ਉਹ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ" (2 ਕੁਰਿੰਥੀਆਂ 5:21)।

*ਸਿੱਟਾ*/ ਅਸੀਂ ਪਰਮੇਸ਼ੁਰ ਲਈ ਅਨਮੋਲ ਹਾਂ। ਭਾਵੇਂ ਸਾਡੇ ਪਾਪ ਬਹੁਤ ਸਾਰੇ ਪਾਪ ਹਨ, ਉਸ ਨੇ ਸਾਡੇ ਲਈ ਯਿਸੂ ਦੁਆਰਾ ਉਸ ਵੱਲ ਪਰਤਣ ਦਾ ਇਕ ਰਸਤਾ ਪ੍ਰਦਾਨ ਕੀਤਾ ਹੈ। ਜਦੋਂ ਅਸੀਂ ਯਿਸੂ ਉੱਤੇ ਭਰੋਸਾ ਕਰਦੇ ਹਾਂ, ਆਪਣੀ ਜ਼ਿੰਦਗੀ ਵਿਚ ਪਾਪ ਦੀ ਵੱਲੋਂ ਮੁੜਦੇ ਹਾਂ ਅਤੇ ਮਸੀਹ ਵਿਚ ਬਪਤਿਸਮਾ ਲੈਂਦੇ ਹਾਂ, ਤਾਂ ਮਸੀਹ ਦੀ ਮੌਤ ਦੀਆਂ ਬਰਕਤਾਂ ਸਾਡੇ ਖਾਤੇ ਵਿਚ ਜਮ੍ਹਾਂ ਹੋ ਜਾਂਦੀਆਂ ਹਨ। ਸਾਨੂੰ ਸਾਡੇ ਪਾਪਾਂ ਦੀ ਮਾਫ਼ੀ ਅਤੇ ਪਵਿੱਤਰ ਆਤਮਾ ਦੀ ਦਾਤ ਪ੍ਰਾਪਤ ਹੁੰਦੀ ਹੈ। ਅਸੀਂ ਮਸੀਹ ਦੀ ਕਲੀਸੀਆ ਵਿਚ ਸ਼ਾਮਲ ਹੋ ਜਾਂਦੇ ਹਾਂ। ਅਸੀਂ ਪਰਮੇਸ਼ੁਰ ਦੇ ਬੱਚੇ, ਉਸ ਦੇ ਪਰਿਵਾਰ ਦੇ ਮੈਂਬਰ ਬਣ ਜਾਂਦੇ ਹਾਂ। ਅਸੀਂ ਉਸ ਦੀ ਨਜ਼ਰ ਵਿਚ ਧਰਮੀ ਬਣਾਏ ਗਏ ਹਾਂ!

ਡੀ. ਸਟੀਵਾਰਟ

---

## ਟਿੱਪਣੀਆਂ

[1]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992), 465. [2]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੋਧ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 2:922. [3]ਸੈਮੂਏਲ ਕੌਕਸ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦੂਜਾ ਸੰਪਾਦਨ (ਲੰਡਨ: ਕੀਗਨ ਪੌਲ, ਟਰੈਂਚ ਐਂਡ ਕੰਪਨੀ, 1885), 326.